ਬਿਸ਼ਪ ਅਤੇ ਟੀਮ ਡੈਲਟਾ ਨੇ ਟਰੱਕ ਟਰੇਲਰ ਪਾਰਕ ਦੇ ਵਿਕਾਸ ਬਾਰੇ ਜਾਂਚ ਕੀਤੀ

7 ਅਕਤੂਬਰ, 2018–ਡੈਲਟਾ, ਬੀ.ਸੀ– ਡੈਲਟਾ ਸ਼ਹਿਰ ਦੀ ਇੰਡਸਟਰੀਅਰਲ-ਪਾਰਕ ਜ਼ਮੀਨ ਦੀ ਵੱਡੀ ਸਪਲਾਈ ਨਵੇਂ ਟਰੱਕ-ਟਰੇਲਰ ਪਾਰਕ ਲਈ ਮਿਊਂਸੀਪੈਲਟੀ ਨੂੰ ਉਪਯੁਕਤ ਥਾਂ ਬਣਾ ਸਕਦੀ ਹੈ, ਦੋ ਟਰਮਾਂ ਤੋਂ ਕੌਂਸਲਰ ਅਤੇ ਟੀਮ ਡੈਲਟਾ ਦੀ ਮੇਅਰਲ ਉਮੀਦਵਾਰ ਸਿਲਵੀਆ ਬਿਸ਼ਪ ਨੇ ਅੱਜ ਕਿਹਾ।

"ਤਿੰਨ ਮਹੀਨੇ ਪਹਿਲਾਂ ਮੈਂ ਅਤੇ ਮੇਰੀ ਟੀਮ ਡੈਲਟਾ ਨੇ ਆਪਣੇ ਉਦੇਸ਼ ਦਾ ਐਲਾਨ ਕੀਤਾ ਸੀ, ਜੇ ਅਸੀਂ 20 ਅਕਤੂਬਰ ਦੀਆਂ ਕੌਂਸਲ ਚੋਣਾਂ ਜਿੱਤਣ ਵਿੱਚ ਕਾਮਯਾਬ ਰਹੇ ਤਾਂ ਸ਼ਹਿਰ ਦਾ ਸਭ ਤੋਂ ਪਹਿਲਾਂ ਆਰਥਿਕ ਵਿਕਾਸ ਦਫਤਰ ਸੈੱਟ ਕਰਾਂਗੇ", ਬਿਸ਼ਪ ਨੇ ਕਿਹਾ।" ਇੱਕ ਪ੍ਰਾਜੈਕਟ ਜੋ ਨਵਾਂ ਦਫਤਰ ਜਲਦੀ ਸ਼ੁਰੂ ਕਰੇਗਾ, ਉਸ ਵਿੱਚ ਲੋਅਰ ਮੇਨਲੈਂਡ ਦੇ ਵੱਧ ਰਹੇ ਟਰਾਂਸਪੋਰਟੇਸ਼ਨ ਸੈਕਟਰ ਦੀ ਮਦਦ ਲਈ ਨਵੇਂ ਟਰੱਕ-ਟਰੇਲਰ ਪਾਰਕ ਦਾ ਵਿਕਾਸ ਸ਼ਾਮਲ ਹੈ"।

ਕੈਨੇਡਾ ਦੇ ਅੰਕੜੇ ਦੱਸਦੇ ਹਨ ਕਿ ਟਰੱਕ ਟਰਾਂਸਪੋਰਟੇਸ਼ਨ ਬ੍ਰਿਟਿਸ਼ ਕੋਲੰਬੀਆ ਦੀ ਨਾਂਮਾਤਰ ਕੁਲ ਘਰੇਲੂ ਪ੍ਰੌਡਕਟ ਦਾ ਲਗਭਗ 1.1 % ਬਣਾਉਂਦੇ ਹਨ, ਜੋ ਜੰਗਲਾਤ/ਲੌਗਿੰਗ ਜਾਂ ਮਾਈਨਿੰਗ ਤੋਂ ਵਧੇਰੇ ਹੈ।

ਵਿੱਤ ਮੰਤਰਾਲੇ ਵੱਲੋਂ ਬੀ.ਸੀ. ਦੀ ਜੀ.ਡੀ.ਪੀ. 2018 ਵਿੱਚ $291.7 ਬਿਲੀਅਨ ਤੇ ਪਹੁੰਚਣ ਦੀ ਉਮੀਦ ਹੈ, ਜਿਸ ਨਾਲ ਸੂਬੇ ਦੀ ਆਰਥਿਕਤਾ ਵਿੱਚ ਟਰੱਕਾਂ ਦਾ ਸਾਲਾਨਾ ਯੋਗਦਾਨ ਲਗਭਗ $3 ਬਿਲੀਅਨ ਹੁੰਦਾ ਹੈ। ਇਹ ਨੰਬਰ ਸਿਰਫ਼ "ਫੋਰ ਹਾਇਰ ਟਰਕਿੰਗ" ਲਈ ਹੈ, ਇਸ ਵਿੱਚ ਆਪਣੀਆਂ ਖੁਦ ਦੀਆਂ ਕੰਪਨੀਆਂ ਲਈ ਸਾਮਾਨ ਢੋਣ ਵਾਲੇ ਪ੍ਰਾਈਵੇਟ ਟਰੱਕ ਸ਼ਾਮਲ ਨਹੀਂ ਹਨ।

"ਅਸੀਂ ਆਉਣ ਵਾਲੇ ਭਵਿੱਖ ਵਿੱਚ ਡੈਲਟਾ ਸ਼ਹਿਰ ਵਿੱਚ ਟਰੱਕ ਗਤੀਵਿਧੀਆਂ ਨੂੰ ਪ੍ਰਭਾਵਸ਼ਾਲੀ ਤਰੀਕੇ ਨਾਲ ਵੱਧਦੀ ਦੇਖਣ ਲਈ ਆਸਵੰਦ ਹਾਂ" ਬਿਸ਼ਪ ਨੇ ਕਿਹਾ।" ਉਦਾਹਰਣ ਵਜੋਂ ਟਵੈਸਨ ਫਸਟ ਨੇਸ਼ਨਜ਼ ਜ਼ਮੀਨ ਤੇ ਹਾਲ ਹੀ ਵਿੱਚ ਐਲਾਨਿਆ ਐਮਾਜ਼ੋਨ ਦਾ ਸੈਂਟਰ ਡੈਲਟਾਪੋਰਟ ਦੀ ਕਾਰਵਾਈ ਵਿੱਚ ਵਾਧੂ 450,000 ਸਕੁਏਰ ਫੁੱਟ  ਦੀ ਵੇਅਰਹਾਊਸ ਥਾਂ ਦਰਸਾਉਂਦਾ ਹੈ ਅਤੇ ਇਹ ਵਪਾਰ ਲਈ 2019 ਦੀ ਕਿਸ੍ਰਮਿਸ ਤੱਕ ਖੁੱਲਣ ਦੀ ਆਸ ਹੈ"।

ਮਿਊਂਸੀਪਲ ਰਾਜਨੀਤੀ ਵਿੱਚ ਨਵੀਂ ਆਈ ਸਿਮਰਨ ਵਾਲੀਆ, ਜੋ ਬਿਸ਼ਪ ਦੀ ਟੀਮ ਡੈਲਟਾ ਮੈਂਬਰ ਵਜੋਂ ਡੈਲਟਾ ਕੌਂਸਲ ਦੀ ਚੋਣ ਲੜ੍ਹ ਰਹੀ ਹੈ, ਨੇ ਟਵੈਸਨ ਵਿੱਚ ਬੀ.ਸੀ. ਫੇਰੀ ਟਰਮੀਨਲ ਰਾਹੀਂ ਵੱਧ ਰਹੇ ਟਰੱਕ ਟਰੈਫਿਕ, 2013 ਵਿੱਚ ਸਾਊਥ ਫਰੇਜ਼ਰ ਪੈਰੀਮੀਟਰ ਸੜਕ ਦੇ ਖੁੱਲਣ ਅਤੇ ਨਵੇਂ ਫਰੇਜ਼ਰ ਰੀਵਰ ਕਰਾਸਿੰਗ ਦੇ ਜਲਦੀ ਆਉਣ ਦਾ ਵੀ ਹਵਾਲਾ ਦਿੱਤਾ।

"ਬੀ.ਸੀ. ਦੇ ਟਰਾਂਸਪੋਰਟੇਸ਼ਨ ਮੰਤਰੀ ਨੇ ਕਿਹਾ ਕਿ ਹਾਈਵੇਅ 99 ਅਤੇ 91 ਲੋਅਰ ਮੇਨਲੈਂਡ ਦੇ ਟਰੱਕ ਟਰਾਂਸਪੋਰਟੇਸ਼ਨ ਨੈੱਟਵਰਕ ਦੇ 'ਮੁੱਖ ਹਿੱਸੇ' ਹਨ, ਜੋ ਸਥਾਨਕ, ਸੂਬਾਈ ਅਤੇ ਅੰਤਰਰਾਸ਼ਟਰੀ ਵਪਾਰ ਨੂੰ ਸਹਿਯੋਗ ਦਿੰਦੇ ਹਨ", ਵਾਲੀਆ ਨੇ ਕਿਹਾ।

“ਹਫਤੇ ਦੇ ਦਿਨਾਂ ਦੌਰਾਨ ਲਗਭਗ 7000 ਟਰੱਕ ਹਰ ਰੋਜ਼ ਜਾਰਜ ਮੈਸੀ ਟਨਲ ਵਿੱਚੋਂ ਲੰਘਦੇ ਹਨ ਅਤੇ ਹੋਰ 9000 ਟਰੱਕ ਐਲਕਸ ਫਰੇਜ਼ਰ ਪੁਲ ਤੋਂ ਲੰਘਦੇ ਹਨ”, ਉਸਨੇ ਕਿਹਾ।“ਇਹਨਾਂ ਨੰਬਰਾਂ ਵਿੱਚ ਸਾਲਾਨਾ ਵਾਧਾ ਹੋ ਰਿਹਾ ਹੈ, ਸੋ ਜ਼ਿਆਦਾ ਟਰੱਕ ਟਰੇਲਰ ਸੁਵਿਧਾਵਾਂ ਦਾ ਹੋਣਾ ਜ਼ਾਹਿਰ ਹੈ”।

ਬਿਸ਼ਪ ਨੇ ਕਿਹਾ ਕਿ ਮੈਟਰੋ ਵੈਨਕੂਵਰ ਦੀ 2015 ਦੀ ਰਿਪੋਰਟ ਅਨੁਸਾਰ ਡੈਲਟਾ ਸ਼ਹਿਰ ਕੋਲ ਖੇਤਰੀ ਜ਼ਿਲ੍ਹੇ ਦੀ 13% ਇੰਡਸਟਰੀਅਲ ਜ਼ਮੀਨ ਹੈ।

“ਡੈਲਟਾ ਕੋਲ ਲਗਭਗ 1,500 ਹੈਕਟੇਅਰ ਹੈ–ਜਾਂ 3600 ਏਕੜ ਤੋਂ ਵਧੇਰੇ–ਇੰਡਸਟਰੀਅਲ ਜ਼ਮੀਨ”, ਬਿਸ਼ਪ ਨੇ ਕਿਹਾ, “ ਅਤੇ ਸਾਡੇ ਪ੍ਰਸਤਾਵਿਤ ਆਰਥਿਕ ਵਿਕਾਸ ਦਫਤਰ ਦੇ ਜ਼ਰੂਰੀ ਹਿੱਸੇ ਵਜੋਂ ਅਸੀਂ ਟਰਾਂਸਪੋਰਟੇਸਨ ਅਤੇ ਟਰੱਕਿੰਗ ਵਿੱਚ ਭਵਿੱਖ ਦੇ ਨਿਵੇਸ਼ ਅਤੇ ਵਾਧੇ ਦੇ ਮੌਕਿਆਂ ਨੂੰ ਧਿਆਨ ਨਾਲ ਦੇਖਣਾ ਹੈ”।

ਟੀਮ ਡੈਲਟਾ ਦੀ ਰਹਿਨੁਮਾਈ ਬਿਸ਼ਪ ਕਰ ਰਹੀ ਹੈ, ਜੋ ਦੋ ਟਰਮਾਂ ਤੋਂ ਕੋਂਸਲਰ ਹੈ ਅਤੇ ਡੈਲਟਾ ਦੀ ਅਗਲੀ ਮੇਅਰ ਲਈ ਚੋਣ ਲੜ੍ਹ ਰਹੀ ਹੈ, ਉਸਦੀ ਸਲੇਟ ਵਿੱਚ ਚਾਰ ਕੌਂਸਲ ਉਮੀਦਵਾਰ ਹਨ ਜਿਹਨਾਂ ਵਿੱਚ ਵਾਲੀਆ, ਵੈਟਰਨ ਕੋਂਸਲਰ ਰਾਬਰਟ ਕੈਂਪਬੈੱਲ ਅਤੇ ਨਵੇਂ ਆਏ ਡਾ: ਜੌਨ੍ਹ ਹੈਂਸਨ ਅਤੇ ਕਿਮ ਕੈਂਡਲ ਸ਼ਾਮਲ ਹਨ।

-30-

ਸੰਪਰਕ ਕਰੋ:

Jason Craik, co-campaign manager    604-603-1790

Kristy Fredericks, co-campaign manager   604-626-1374

teamdeltamedia@gmil.com